## ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ), ਬਠਿੰਡਾ

ਵੱਲ:

ਜ਼ਿਲ੍ਹਾ ਬਠਿੰਡਾ ਦੇ ਸਮੂਹ PM SHRI ਸਕੂਲ ਮੁਖੀਆਂ/ਪ੍ਰਿੰਸੀਪਲਾਂ ਨੂੰ

ਪੱਤਰ ਨੰ.: ਲ-6/2026/7221 ਮਿਤੀ: 08.10.2026

ਵਿਸ਼ਾ: PM SHRI ਸਕੀਮ ਅਧੀਨ "ਸੇਵਾ ਸੰਕਲਪ" ਜ਼ਿਲ੍ਹਾ ਪੱਧਰੀ ਪ੍ਰਤੀਯੋਗਿਤਾਵਾਂ ਸਬੰਧੀ ਹਦਾਇਤਾਂ।

ਉਪਰੋਕਤ ਵਿਸ਼ੇ ਸਬੰਧੀ ਸਮੂਹ PM SHRI ਸਕੂਲ ਮੁਖੀਆਂ/ਪ੍ਰਿੰਸੀਪਲਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 09.10.2026 ਨੂੰ PM SHRI ਸਕੀਮ ਅਧੀਨ "ਸੇਵਾ ਸੰਕਲਪ" ਜ਼ਿਲ੍ਹਾ ਪੱਧਰੀ ਪ੍ਰਤੀਯੋਗਿਤਾਵਾਂ ਆਨਲਾਈਨ ਕਰਵਾਈਆਂ ਜਾਣੀਆਂ ਹਨ। ਇਸ ਸਬੰਧੀ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ:-

1. ਪੋਸਟਰ ਮੇਕਿੰਗ ਪ੍ਰਤੀਯੋਗਿਤਾ

ਹਰ PM SHRI ਸਕੂਲ ਵੱਲੋਂ ਵਿਦਿਆਰਥੀ ਦੁਆਰਾ ਤਿਆਰ ਕੀਤੇ ਪੋਸਟਰ ਦੀ ਇੱਕ ਸਾਫ਼ ਅਤੇ ਸਪਸ਼ਟ ਫੋਟੋ ਭੇਜੀ ਜਾਵੇ।

ਪੋਸਟਰ ਉੱਪਰ ਸਕੂਲ ਦਾ ਨਾਮ ਜਾਂ ਵਿਦਿਆਰਥੀ ਦਾ ਨਾਮ ਨਹੀਂ ਲਿਖਿਆ ਹੋਣਾ ਚਾਹੀਦਾ।

ਪੋਸਟਰ ਦੀ PDF ਵੀ ਤਿਆਰ ਕਰਕੇ ਭੇਜੀ ਜਾਵੇ ਅਤੇ PDF ਫਾਈਲ ਦਾ ਨਾਮ ਸਕੂਲ ਦੇ ਨਾਮ ਅਨੁਸਾਰ ਰੱਖਿਆ ਜਾਵੇ।

ਫੋਟੋ ਅਤੇ PDF Google Drive Link ਰਾਹੀਂ ਨਹੀਂ, ਬਲਕਿ ਸਬੰਧਤ ਜ਼ਿਲ੍ਹਾ ਕੋਆਰਡੀਨੇਟਰ/ਨੋਡਲ ਅਧਿਕਾਰੀ ਨੂੰ Personally Send ਕੀਤੀ ਜਾਵੇ।

ਪੋਸਟਰ ਮੇਕਿੰਗ ਦੀ ਵੀਡੀਓ ਸਵੇਰੇ 09:00 ਵਜੇ ਤੋਂ 11:00 ਵਜੇ ਤੱਕ ਸ਼ੇਅਰ ਕੀਤੀ ਜਾਵੇ।

2. ਆਨਲਾਈਨ ਡਿਬੇਟ ਪ੍ਰਤੀਯੋਗਿਤਾ

ਪੋਸਟਰ ਮੇਕਿੰਗ ਉਪਰੰਤ 11:00 ਵਜੇ ਤੋਂ ਬਾਅਦ ਆਨਲਾਈਨ ਡਿਬੇਟ ਪ੍ਰਤੀਯੋਗਿਤਾ ਕਰਵਾਈ ਜਾਵੇਗੀ।

ਡਿਬੇਟ ਪ੍ਰਤੀਯੋਗਿਤਾ ਲਈ ਜ਼ਿਲ੍ਹਾ ਪੱਧਰ 'ਤੇ ਹੇਠ ਲਿਖੀ ਕਮੇਟੀ ਨਿਰਧਾਰਤ ਕੀਤੀ ਜਾਂਦੀ ਹੈ:

ਪ੍ਰਬੰਧਕੀ ਕਮੇਟੀ:

ਹੈਡਮਿਸਟ੍ਰੈਸ ਸ੍ਰੀਮਤੀ ਨਿਧੀ ਸਿੰਗਲਾ (ਨੋਡਲ ਅਫ਼ਸਰ )

ਹੈਡਮਿਸਟ੍ਰੈਸ ਸ੍ਰੀਮਤੀ ਕੁਲਵਿੰਦਰ ਕੌਰ

ਹੈਡਮਿਸਟ੍ਰੈਸ ਸ੍ਰੀਮਤੀ ਰੀਨੂ ਬਾਂਸਲ

ਜੱਜਮੈਂਟ ਟੀਮ :

1 ਗੁਰਪ੍ਰੀਤ ਸਿੰਘ (ਪੰਜਾਬੀ ਮਾਸਟਰ ਸਸਸ ਬਾਠ)

2 ਵਿਕਾਸ ਗਰਗ (ਪੰਜਾਬੀ ਮਾਸਟਰ ਸਸਸ ਘੜੈਲੀ)

3 ਸੁਰਿੰਦਰ ਸਿੰਘ (ਆਰਟ ਕਰਾਫਟ ਸਹਸ ਡਿੱਖ)

ਟੈਕਨੀਕਲ ਟੀਮ

1.ਰਮਨਦੀਪ ਸਿੰਘ ( ਕੰਪਿਊਟਰ ਫੈਕਲਟੀ ਸਹਸ ਚੱਕ ਰਾਮ ਸਿੰਘ ਵਾਲਾ

ਕਮੇਟੀ ਵੱਲੋਂ ਨਿਰਧਾਰਤ ਮਾਪਦੰਡਾਂ ਅਨੁਸਾਰ ਪ੍ਰਤੀਯੋਗਿਤਾ ਦਾ ਮੁਲਾਂਕਣ ਕਰਕੇ ਨਤੀਜਾ ਤਿਆਰ ਕੀਤਾ ਜਾਵੇਗਾ।

3. VC Hall ਸਬੰਧੀ

ਸਮੂਹ PM SHRI ਸਕੂਲਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਡਿਬੇਟ ਪ੍ਰਤੀਯੋਗਿਤਾ ਲਈ ਜ਼ਿਲ੍ਹਾ ਸਿੱਖਿਆ ਦਫ਼ਤਰ, ਬਠਿੰਡਾ ਵਿਖੇ VC Hall ਦੁਪਹਿਰ 10:30 ਵਜੇ ਲਈ ਬੁੱਕ ਕੀਤਾ ਗਿਆ ਹੈ। ਆਨਲਾਈਨ Zoom/VC Meeting ਦਾ Link ਅਤੇ ਹੋਰ ਜ਼ਰੂਰੀ ਹਦਾਇਤਾਂ ਸਬੰਧਤ ਸਕੂਲਾਂ ਨੂੰ ਵੱਖਰੇ ਤੌਰ 'ਤੇ ਭੇਜ ਦਿੱਤੀਆਂ ਜਾਣਗੀਆਂ।

ਇਸ ਲਈ ਸਮੂਹ PM SHRI ਸਕੂਲ ਮੁਖੀ/ਪ੍ਰਿੰਸੀਪਲ ਉਪਰੋਕਤ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕਰਦੇ ਹੋਏ ਸਮੇਂ ਸਿਰ ਲੋੜੀਂਦੀ ਕਾਰਵਾਈ ਮੁਕੰਮਲ ਕਰਨਾ ਯਕੀਨੀ ਬਣਾਉਣ।

08/10/26

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)

ਬਠਿੰਡਾ